# ਪੰਜਾਬੀ ਭਾਸ਼ਾ ਪਸਾਰ ਭਾਈਚਾਰਾ

ਡਾਕ ਪਤਾ : 297, ਗਲੀ ਨੰ. 5, ਉਪਕਾਰ ਨਗਰ, ਸਿਵਿਲ ਲਾਈਨਜ਼, ਲੁਧਿਆਣਾ - 141001

ਹਵਾਲਾ ਨੰ:...702.................... ਮਿਤੀ :07.07.2022

ਵੱਲ
ਸ੍ਰ ਜਸਵੰਤ ਸਿੰਘ ਜ਼ਫ਼ਰ
ਡਾਇਰੈਕਟਰ ਭਾਸ਼ਾ ਵਿਭਾਗ ਪੰਜਾਬ
ਪਟਿਆਲਾ।

***ਵਿਸ਼ਾ: ਪੰਜਾਬੀ ਭਾਸ਼ਾ ਪਸਾਰ ਭਾਈਚਾਰਾ ਵੱਲੋਂ, ਪਿਛਲੇ ਛੇ ਸਾਲਾਂ ਵਿੱਚ ਡਾਇਰੈਕਟਰ ਭਾਸ਼ਾ ਵਿਭਾਗ ਨੂੰ ਲਿਖੀਆਂ ਚਿੱਠੀਆਂ ਵਿੱਚ, ਪੰਜਾਬੀ ਭਾਸ਼ਾ ਦੇ ਵਿਕਾਸ ਅਤੇ ਪਸਾਰ ਨਾਲ ਸੰਬੰਧਿਤ ਉਠਾਏ ਮੁੱਦਿਆਂ ਤੇ ਮੁੜ ਵਿਚਾਰ ਕਰਨ ਲਈ ਬੇਨਤੀ।***

*ਸਤਿਕਾਰ ਯੋਗ ਜ਼ਫ਼ਰ ਸਾਹਿਬ*

ਤੁਹਾਨੂੰ ਪਤਾ ਹੀ ਹੈ ਕਿ ਪੰਜਾਬੀ ਭਾਸ਼ਾ ਪਸਾਰ ਭਾਈਚਾਰਾ, ਪੰਜਾਬੀ ਭਾਸ਼ਾ ਦੇ ਵਿਕਾਸ ਅਤੇ ਪਸਾਰ ਲਈ ਯਤਨਸ਼ੀਲ ਇੱਕ ਅੰਤਰਰਾਸ਼ਟਰੀ ਸੰਸਥਾ ਹੈ। ਇਸ ਸੰਸਥਾ ਵੱਲੋਂ, ਪਹਿਲਾਂ **ਤੁਹਾਨੂੰ ਭਾਸ਼ਾ ਵਿਭਾਗ ਦੇ ਡਾਇਰੈਕਟਰ ਨਿਯੁਕਤ ਹੋਣ ਤੇ ਬਹੁਤ ਬਹੁਤ ਵਧਾਈ।**

ਬੇਨਤੀ ਹੈ ਕਿ ਸਾਲ 2018 ਤੋਂ 2024 ਦਰਮਿਆਨ, ਪੰਜਾਬੀ ਭਾਸ਼ਾ ਪਸਾਰ ਭਾਈਚਾਰਾ ਵੱਲੋਂ, ਪੰਜਾਬੀ ਨੂੰ ਦਰਪੇਸ਼ ਗੰਭੀਰ ਸਮੱਸਿਆਵਾਂ ਦੀ ਨਿਸ਼ਾਨਦੇਹੀ ਕਰਦੀਆਂ ਅਤੇ ਉਨਾਂ ਸਮੱਸਿਆਵਾਂ ਦੇ ਹੱਲ ਸੁਜਾਉਂਦੀਆਂ ਸੈਂਕੜੇ ਚਿੱਠੀਆਂ ਡਾਇਰੈਕਟਰ ਭਾਸ਼ਾ ਵਿਭਾਗ, ਸਕੱਤਰ ਸਿੱਖਿਆ ਅਤੇ ਭਾਸ਼ਾ ਵਿਭਾਗ ਪੰਜਾਬ ਸਰਕਾਰ, ਮੁੱਖ ਸਕੱਤਰ ਪੰਜਾਬ ਸਰਕਾਰ, ਮੰਤਰੀ ਭਾਸ਼ਾ ਵਿਭਾਗ, ਮੁੱਖ ਮੰਤਰੀ ਪੰਜਾਬ ਸਰਕਾਰ ਅਤੇ ਮਾਨਯੋਗ ਰਾਜਪਾਲ ਪੰਜਾਬ ਨੂੰ ਲਿਖੀਆਂ ਗਈਆਂ।

ਪਰ ਖੇਦ ਹੈ ਕਿ ਭਾਸ਼ਾ ਵਿਭਾਗ ਪੰਜਾਬ ਵੱਲੋਂ ਇਨ੍ਹਾਂ ਚਿੱਠੀਆਂ ਨੂੰ ਹਮੇਸ਼ਾ ਨਜ਼ਰ ਅੰਦਾਜ਼ ਕੀਤਾ ਗਿਆ ਅਤੇ ਉਨ੍ਹਾਂ ਵਿੱਚ ਉਠਾਏ ਮੁੱਦਿਆਂ ਵੱਲ ਉੱਕਾ ਕੋਈ ਧਿਆਨ ਨਹੀਂ ਦਿੱਤਾ ਗਿਆ।

# ਪੰਜਾਬੀ ਭਾਸ਼ਾ ਪਸਾਰ ਭਾਈਚਾਰਾ

ਡਾਕ ਪਤਾ : 297, ਗਲੀ ਨੰ. 5, ਉਪਕਾਰ ਨਗਰ, ਸਿਵਿਲ ਲਾਈਨਜ਼, ਲੁਧਿਆਣਾ - 141001


ਹਵਾਲਾ ਨੰ:.......................... ਮਿਤੀ :..............................

ਤੁਹਾਡੇ ਡਾਇਰੈਕਟਰ ਭਾਸ਼ਾ ਵਿਭਾਗ ਨਿਯੁਕਤ ਹੋਣ ਤੇ ਭਾਈਚਾਰੇ ਨੂੰ ਉਮੀਦ ਵੱਜੀ ਹੈ ਕਿ ਹੁਣ ਤੁਸੀਂ ਉਨਾਂ ਮੁੱਦਿਆਂ ਵੱਲ ਧਿਆਨ ਦੇ ਕੇ ਪੰਜਾਬੀ ਭਾਸ਼ਾ ਦੇ ਵਿਕਾਸ ਅਤੇ ਪਸਾਰ ਦਾ ਰਾਹ ਜ਼ਰੂਰ ਪੱਧਰਾ ਕਰੋਗੇ।

ਹਵਾਲੇ, ਅਤੇ ਮੁੜ ਵਿਚਾਰ ਲਈ, ਉਹਨਾਂ ਵਿੱਚੋਂ ਕੁਝ (28) ਚਿੱਠੀਆਂ ਆਪ ਜੀ ਨੂੰ ਦੁਬਾਰਾ ਭੇਜ ਕੇ ਬੇਨਤੀ ਕੀਤੀ ਜਾਂਦੀ ਹੈ ਕਿ ਤੁਸੀਂ **ਇਹਨਾਂ ਚਿੱਠੀਆਂ ਵਿੱਚ ਉਠਾਏ ਮੁੱਦਿਆਂ ਤੇ ਗੰਭੀਰ ਵਿਚਾਰ ਵਟਾਂਦਰਾ ਕਰੋ ਅਤੇ ਫੇਰ** ਬਣਦੀ ਕਾਰਵਾਈ ਕਰੋ ਜੀ।

ਉਸਾਰੂ ਹੁੰਗਾਰੇ ਦੀ ਉਡੀਕ ਵਿਚ।

ਮਿੱਤਰ ਸੈਨ ਮੀਤ

(ਮਿੱਤਰ ਸੈਨ ਮੀਤ) (ਮਹਿੰਦਰ ਸਿੰਘ ਸੇਖੋਂ) (ਜਸਪਾਲ ਕੌਰ)

**ਸਾਰੇ ਸੰਚਾਲਕ, ਪੰਜਾਬੀ ਭਾਸ਼ਾ ਪਸਾਰ ਭਾਈਚਾਰਾ**